# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

*(Established by the State Legislature Act No. 21 of 1969)*

*Accredited at "A" grade level by NAAC and Awarded "University with Potential for Excellence" status by UGC*

## ਕੰਡਕਟ ਸ਼ਾਖਾ

ਨੰਬਰ: ਸਪੈਸ਼ਲ /ਕੰਡਕਟ

ਮਿਤੀ: 2-10-20

1. ਮੁਖੀ, ਸਮੂੰਹ ਅਧਿਆਪਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ।
2. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਕੈਂਪਸ,ਲੱਧੇਵਾਲੀ, ਜਲੰਧਰ।
3. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਕੈਂਪਸ,ਹਰਦੋਛਨੀ ਰੋਡ, ਗੁਰਦਾਸਪੁਰ।
4. ਇੰਚਾਰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਕੈਂਪਸ,ਪਿੰਡ, ਫੱਤੂਢੀਂਗਾ,ਸੁਲਤਾਨਪੁਰ ਲੋਧੀ,ਕਪੂਰਥਲਾ।
5. ਡਾਇਰੈਕੋਰੇਟ, ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ।

ਵਿਸ਼ਾ:- ਸਮੈਸਟਰ ਦੂਜਾ ਅਤੇ ਚੌਥਾ ਆਦਿ ਦੀਆਂ ਰੀ-ਅਪੀਅਰ (ਥਿਊਰੀ) ਪ੍ਰੀਖਿਆਵਾਂ ਅਕਤੂਬਰ -2020 ਵਿਚ ਕਰਵਾਉਣ ਸੰਬੰਧੀ ।

ਸ਼੍ਰੀਮਾਨ ਜੀ/ਮੈਡਮ,

ਸਮਰੱਥ ਅਧਿਕਾਰੀਆਂ ਦੇ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਵੱਖ-2 ਕਲਾਸਾਂ ਦੇ ਦੂਜਾ ਅਤੇ ਚੌਥਾ ਸਿਮੈਸਟਰ ਦੇ ਰੀ-ਅਪੀਅਰ ਦੀਆਂ (ਥਿਊਰੀ) ਪ੍ਰੀਖਿਆਵਾਂ ਮਿਤੀ 12 ਅਕਤੂਬਰ, 2020 ਤੋਂ ਆਰੰਭ ਕਰਵਾਈਆਂ ਜਾਣੀਆਂ ਹਨ ਜੋ ਇਕ ਹਫ਼ਤੇ ਦੇ ਅੰਦਰ-ਅੰਦਰ ਸਮਾਪਤ ਕਰਨੀਆਂ ਹਨ।

ਇਸ ਲਈ ਸਮੂਹ ਮੁਖੀ, ਅਧਿਆਪਨ ਵਿਭਾਗਾਂ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ-2 ਵਿਭਾਗ ਵਿਚ ਚਲ ਰਹੇ ਕੋਰਸਾਂ ਦੇ ਸਿਮੈਸਟਰ-ਦੂਜਾ ਅਤੇ ਚੌਥਾ ਆਦਿ ਦੀਆਂ ਪ੍ਰੀਖਿਆਵਾਂ ਮਿਤੀ 12 ਅਕਤੂਬਰ, 2020 ਤੋਂ ਆਰੰਭ ਕਰਦੇ ਹੋਏ, ਕੰਡਕਟ ਕਰਵਾਉਣ ਦੀ ਕ੍ਰਿਪਾਲਤਾ ਕਰਨ। ਇਸ ਸੰਬੰਧੀ ਰੀ-ਅਪੀਅਰ ਵਾਲੇ ਪ੍ਰੀਖਿਆਰਥੀਆਂ ਨੂੰ ਤੁਰਤ ਸੂਚਿਤ ਕਰ ਦਿੱਤਾ ਜਾਵੇ। ਇਹ ਪ੍ਰੀਖਿਆਵਾਂ ਆਖਰੀ ਸਿਮੈਸਟਰਾਂ ਦੀ ਤਰ੍ਹਾਂ ਹੀ ਕਰਵਾਈਆਂ ਜਾਣੀਆਂ ਹਨ।

ਜਿੰਨਾਂ ਵਿਭਾਗਾਂ ਦੇ ਕੁਝ ਕੋਰਸ ਦੂਸਰੇ ਵਿਭਾਗਾਂ, ਰੀਜ਼ਨਲ ਕੈਂਪਸਿਜ਼ ਅਤੇ ਕੁਝ ਕਾਲਜਾਂ ਨਾਲ ਸਾਂਝੇ ਹਨ, ਦੀਆਂ ਡੇਟ-ਸ਼ੀਟਾਂ ਤਜਵੀਜ਼ ਕਰਕੇ ਕੰਡਕਟ ਸ਼ਾਖਾ ਨੂੰ ਜਲਦੀ ਤੋਂ ਜਲਦੀ ਭਿਜਵਾਉਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਪ੍ਰਸ਼ਨ-ਪੱਤਰ ਤਿਆਰ ਰੱਖੇ ਜਾ ਸਕਣ।

ਹਿਤੂ,

(ਐਚ.ਐਸ.ਭਿੰਡਰ)

ਉਪ ਰਜਿਸਟਰਾਰ (ਕਾਰਜ ਸੰਚਾਲਨ)

COMMEMORATING 50th GOLDEN JUBILEE year Guru Nanak Dev University AMRITSAR

Scanned with CamScanner